# ਤੁਹਾਡੀ ਅਤੇ ਤੁਹਾਡੇ ਸੋਨੇ ਦੀ ਸੁਰੱਖਿਆ

## ਅਪਰਾਧੀ ਤੁਹਾਡੇ ਘਰ ਨੂੰ ਆਪਣਾ ਨਿਸ਼ਾਨਾ ਨਾ ਬਣਾਉਨ, ਇਹ ਰੋਕ ਲਾਉਣ ਲਈ ਦਿੱਤੀ ਸਲਾਹ ਨੂੰ ਅਪਣਾਉ

- ਧਾਰਮਿਕ ਤਿਉਹਾਰ ਜਾਂ ਅਜਿਹੇ ਕਿਸੇ ਖਾਸ ਦਿਹਾੜੇ ਦੌਰਾਣ ਆਪਣੇ ਘਰ ਦੇ ਬਾਹਰ ਕੋਈ ਸਜਾਵਟ ਨਾ ਕਰੋ। ਝੰਡੇ, ਲਾਇਟਾਂ, ਚਿੰਨ੍ਹ ਜਾਂ ਕੋਈ ਨਿਸ਼ਾਨ ਅਜਿਹਾ ਨਾ ਬਣਾਉ ਜਿਸ ਨਾਲ ਅਪਰਾਧੀ ਅੰਦਾਜਾ ਲਾ ਸਕਣ ਕੀ ਇਥੇ ਸੋਣਾ ਹੋਣ ਦੀ ਸੰਭਾਵਨਾ ਹੈ । ਆਪਣੀਆਂ ਗੱਡੀਆਂ ਵਿੱਚ ਵੀ ਕੋਈ ਧਾਰਮਿਕ ਚਿੰਨ੍ਹ ਨਾ ਲਾਉ

- ਆਪਣੇ ਘਰ ਦਾ ਫਰੰਟ ਡੋਰ ਅਤੇ ਪਿਛਲਾ ਦਰਵਾਜ਼ਾ ਹਮੇਸ਼ਾ ਬੰਦ ਰੱਖੋ–ਭਾਵੇਂ ਤੁਸੀ ਘਰ ਹੀ ਹੋ

- ਜੇਕਰ ਹਵਾ ਵਾਸਤੇ ਤੁਸੀ ਖਿੜਕੀਆਂ ਖੁੱਲੀਆਂ ਰੱਖਦੇ ਹੋ ਤਾਂ ਇਹ ਪੱਕਾ ਕਰੋ ਕਿ ਤੁਸੀ ਉਸ ਕਮਰੇ ਤੋਂ ਜਾਂ ਘਰ ਤੋਂ ਬਾਹਰ ਜਾਣ ਵੇਲੇ ਉਸ ਨੂੰ ਬੰਦ ਕਰ ਦੇਵੋ

- ਘਰ ਦੀਆਂ ਚਾਬੀਆਂ ਅਤੇ ਹੋਰ ਕੀਮਤੀ ਸਮਾਣ ਨੂੰ ਕੈਟ ਫਲੈਪਜ਼, ਲੈਟਰਬੋਕਸਜ਼ ਅਤੇ ਗਰਾਉਂਡ ਫਲੋਰ ਦੇ ਦਰਵਾਜ਼ੇ ਅਤੇ ਖਿੜਕਿਆਂ ਤੋਂ ਪਰੇ, ਓਹਲੇ ਰੱਖੋ

- ਇਕ ਲਾਇਟ ਜਗਦੀ ਰੱਖੋ ਜਾਂ ਫੇਰ ਟਾਇਮਰ ਸਵਿੱਚ ਵਰਤੋ ਤਾਂ ਜੋ ਹਨੇਰਾ ਹੋਣ ਤੇ, ਇਸ ਤਰ੍ਹਾਂ ਲੱਗੇ ਕਿ ਘਰ ਵਿੱਚ ਕੋਈ ਹੈ

- ਘਰ ਵਿੱਚ ਮਾਨਤਾਯੋਗ ਅਲਾਰਮ ਲਗਵਾਉ, ਇਹ ਚੋਰਾਂ ਵਾਸਤੇ ਖਾਸ ਰੁਕਾਵਟ ਹੈ

- ਜਦੋਂ ਤੁਸੀ ਘਰ ਤੋਂ ਬਾਹਰ ਜਾਂਦੇ ਹੋ ਤਾਂ ਪੱਕਾ ਕਰੋ ਕਿ ਤੁਹਾਡੇ ਘਰ ਆਉਣ ਵਾਲੀ ਪੋਸਟ(ਡਾਕ) ਨੂੰ ਆਪਣੇ ਕਿਸੇ ਹੋਰ ਐਡਰੱਸ ਤੇ ਭੇਜੋ ਜਾਂ ਬੰਦ ਕਰਵਾਉ ਅਤੇ ਹੋਰ ਆਉਣ ਵਾਲੇ ਪਾਰਸਲ ਵੀ ਬੰਦ ਕਰੋ ਤਾਂ ਜੋ ਇਸ ਤਰ੍ਹਾਂ ਲੱਗੇ ਕਿ ਘਰ ਵਿੱਚ ਕੋਈ ਹੈ। ਕਿਸੇ ਦੋਸਤ ਜਾਂ ਭਰੋਸੇਯੋਗ ਗਵਾਂਢੀ ਨੂੰ ਕਹੋ ਕਿ ਉਹ ਤੁਹਾਡੇ ਘਰ ਦੀ ਦੇਖਰੇਖ ਰੱਖੇ, ਪੋਸਟ ਚੁੱਕ ਲਵੇ, ਘਰ ਦੇ ਪਰਦੇ ਬੰਦ ਅਤੇ ਖੋਲ ਦੇਵੇ ।

- ਕਿ ਦਰਵਾਜੇ ਤੇ ਆ ਕੇ ਕੋਈ ਕਹਿੰਦਾ ਹੈ ਕਿ ਉਹ ਪੁਲਿਸ/ਵਾਟਰਬੋਰਡ/ਯੁਟਿਲਟੀ ਕੰਪਨੀ ਤੋਂ ਹਨ? ਉਹਨਾਂ ਨੂੰ ਆਪਣੇ ਘਰ ਅੰਦਰ ਨਾ ਆਉਣ ਦੋ, ਜਿੰਨ੍ਹਾਂ ਚਿਰ ਉਹ ਆਪਣਾ ਸ਼ਨਾਖਤੀ ਕਾਰਡ ਨਹੀ ਵਿਖਾਉਂਦੇ। ਜੇਕਰ ਤੁਹਾਨੂੰ ਯਕੀਨ ਨਹੀ, ਦਰਵਾਜ਼ਾ ਬੰਦ ਕਰਦੋ, ਜਿਸ ਕੰਪਨੀ ਦਾ ਉਹ ਆਪਣੇ ਆਪ ਨੂੰ ਦੱਸ ਰਹੇ ਹਨ, ਉਸ ਕੰਪਨੀ ਨੂੰ ਕਾਲ ਕਰਕੇ ਉਸ ਆਦਮੀ ਦੀ ਸ਼ਨਾਖਤ ਕਰੋ ਜਾਂ ਫੇਰ ਪੁਲਿਸ ਨੂੰ ਕਾਲ ਕਰੋ । ਉਹਨਾਂ ਵੱਲੋਂ ਦਿੱਤੇ ਫੋਨ ਜਾਂ ਫੋਨ ਨੰਬਰ ਤੇ ਕਾਲ ਨਾ ਕਰੋ । ਜੇਕਰ ਤੁਹਾਨੂੰ ਯਕੀਨ ਨਹੀ ਹੈ–ਦਰਵਾਜ਼ਾ ਨਾ ਖੋਲੋ।

- ਆਪਣੇ ਇਲਾਕੇ ਦੀ ਨੈਬਰਹੁੱਡ ਵਾਚ ਸਕੀਮ ਦੇ ਵਿੱਚ ਸ਼ਾਮਿਲ ਹੋਵੋ ।
  ਕਿ ਕੋਈ ਲੋਕਲ ਸਕੀਮ ਨਹੀ ਹੈ? ਤਾਂ ਖੁੱਦ ਸ਼ੁਰੂ ਕਰੋ

- ਨਾਰਥਹੈਮਪਟਨ ਦੀ ਨੈਬਰਹੁੱਡ ਏਲਰਟ ਨਾਲ ਸਾਇਨ ਅਪ ਕਰੋ ਉਹ ਤੁਹਾਡੇ ਇਲਾਕੇ ਵਿੱਚ ਹੋਣ ਵਾਲੇ ਅਪਰਾਧ ਅਤੇ ਪੁਲਿਸ ਕਾਰਵਾਈ ਬਾਰੇ ਬਕਾਇਦਾ ਜਾਣਕਾਰੀ ਭੇਜਦੇ ਹਨ

- ਤੁਹਾਡੇ ਇਲਾਕੇ ਵਿੱਚ ਜੇਕਰ ਕੋਈ ਕਾਰਵਾਈ ਹੁੰਦੀ ਹੈ ਤੁਹਾਨੂੰ ਕੋਈ ਗੱਡੀ ਹੈ ਜਿਸ ਨਾਲ ਤੁਹਾਨੂੰ ਕੁੱਛ ਸ਼ੱਕ ਹੁੰਦਾ ਹੈ ਤਾਂ ਪੁਲਿਸ ਨੂੰ 101 ਤੇ ਜਾਂ ਕ੍ਰਾਇਮਸਟੋਪਰਜ਼ ਤੇ ਰਿਪੋਰਟ ਕਰੋ । ਇਸ ਨੰਬਰ ਤੇ ਗੁਮਨਾਮ 0800555111 ਕਾਲ ਕਰ ਸਕਦੇ ਹੋ । ਜੇਕਰ ਏਮਰਜੰਸੀ ਹੋਵੇ ਤਾਂ 999 ਤੇ ਕਾਲ ਕਰੋ



ਏਮਰਜੰਸੀ ਹੋਵੇ ਤਾਂ 999 ਤੇ ਕਾਲ ਕਰੋ
ਨੋਨ ਏਮਰਜੰਸੀ ਹੋਵੇ ਤਾਂ 101 ਤੇ ਕਾਲ ਕਰੋ
ਵੈਬਸਾਇਟ www.northants.police.uk
ਟਵੀਟਰ Twitter@northantspolice
ਫੈਸਬੁੱਕ.Facebook.com/northantspolice

© 2018 Northamptonshire Police Design & Print Gold March 2018 Punjabi

**ਭਾਰੀ ਗਿਣਤੀ ਵਿੱਚ ਚੋਰੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਸੋਨਾ ਤੇ ਗਹਿਣੇ ਚੋਰੀ ਹੋਏ ਹਨ । ਜੇ ਤੁਹਾਡੇ ਕੋਲ ਭਾਰੀ ਕੀਮਤ ਦਾ ਸੋਨਾ ਜਾਂ ਗਹਿਣੇ ਹਨ ਤਾਂ ਉਸ ਦੀ ਸੁਰੱਖਿਆ ਲਈ ਤੁਹਾਨੂੰ ਹੇਠ ਲਿਖੇ ਕੁੱਛ ਸੁਝਾਵ ਦਿੱਤੇ ਜਾਂਦੇ ਹਨ ਜਿਸ ਨਾਲ ਤੁਸੀ ਅਪਰਾਧ ਦੇ ਸ਼ਿਕਾਰ ਬਨਣ ਤੋਂ ਆਪਣਾ ਬਚਾਉ ਕਰ ਸਕਦੇ ਹੋ**

- ਅਸੀ ਸਲਾਹ ਦੇਣੇ ਹਾਂ ਕਿ ਆਪਣੇ ਸੋਨੇ ਅਤੇ ਗਹਿਣਿਆਂ ਦੀ ਵੱਧ ਤੋਂ ਵੱਧ ਸੁਰੱਖਿਆ ਲਈ ਇਸ ਨੂੰ ਆਪਣੇ ਘਰ ਵਿੱਚ ਨਾ ਰੱਖੋ ਅਜਿਹਾ ਕਰਨ ਨਾਲ ਤੁਹਾਡਾ ਕੀਮਤੀ ਸਮਾਣ ਅਤੇ ਤੁਹਾਡਾ ਪਰਿਵਾਰ ਦੋਵੇਂ ਸੁਰੱਖਿਤ ਰਹਿਣਗੇ । ਪੁਲਿਸ ਆਫ਼ੀਸਰਜ਼ ਨੋਰਥਹੈਮਟਨ ਵਿੱਚ ਕਈ ਅਦਾਰਿਆਂ ਨਾਲ ਸੈਫਟੀ ਡਿਪੋਜ਼ਿਟ ਬਾਕਸ ਸਕੀਮ ਨੂੰ ਖੁੱਲ ਨਾਲ ਲਾਗੂ ਕਰਨ ਲਈ ਗੱਲਬਾਤ ਕਰ ਰਹੇ ਹਨ । ਅਜੇ ਲਈ ਮੈਟ੍ਰੋ ਬੈਂਕ ਜੋ ਕਿ ਮਿਲਟਨ ਕੀਨਜ਼ ਵਿੱਚ ਹੈ ਵਿਖੇ ਸੈਫਟੀ ਡਿਪੋਜ਼ਿਟ ਬਾਕਸ ਦੀ ਸੁਵਿਧਾ ਹੈ । ਅਜਿਹੀਆਂ ਸਕੀਮਜ਼ ਲੈਸਟਰ, ਬਰਮਿੰਗਮ ਅਤੇ ਲੰਨਡਨ ਵਿਖੇ ਵੀ ਉੱਪਲਬਧ ਹਨ
- ਆਪਣੇ ਘਰ ਤੋਂ ਬਾਹਰ ਹੋਰ ਲੋਕਾਂ ਨਾਲ ਆਪਣੇ ਘਰ ਵਿੱਚ ਪਏ ਕੀਮਤੀ ਸਮਾਣ, ਸੋਨਾ ਅਤੇ ਗਹਿਣਿਆਂ ਬਾਰੇ ਗੱਲ ਨਾ ਕਰੋ ਅਤੇ ਲੋਕਾਂ ਨੂੰ ਨਾ ਦੱਸੋ ਕਿ ਤੁਹਾਡੇ ਕੋਲ ਅਜਿਹਾ ਸਮਾਣ ਹੈ



- ਕੋਸ਼ਿਸ ਕਰੋ ਕਿ ਸੋਸ਼ਲ ਮੀਡੀਆ ਤੇ ਵਿਆਹਾਂ, ਤਿਉਹਾਰਾ ਅਤੇ ਹੋਰ ਅਜਿਹੇ ਜਸ਼ਨ ਦੇ ਮੋਕਿਆਂ ਦੀਆਂ ਤਸਵੀਰਾਂ ਨਾ ਪੋਸਟ ਕਰੋ–ਅਪਰਾਧੀ ਤੁਹਾਡੀ ਪੋਸਟ ਦੇਖ ਕੇ ਅੰਦਾਜ਼ਾ ਲਗਾ ਸਕਦੇ ਹਨ ਕਿ ਤੁਸੀ ਘਰ ਕਦੋਂ ਨਹੀ ਹੋਵੋਗੇ, ਜਾਂ ਫੇਰ ਤੁਹਾਡੀਆਂ ਫੋਟੋਆਂ ਤੋਂ ਕੀਮਤੀ ਸਮਾਣ ਅਤੇ ਗਹਿਣਿਆਂ ਬਾਰੇ ਜਾਣਕਾਰੀ ਹਾਸਿਲ ਕਰ ਸਕਦੇ ਹਨ । ਇਹ ਪੱਕਾ ਕਰੋ ਕੀ ਤੁਸੀ ਪ੍ਰਾਇਵੈਸੀ ਸੈਟਿੰਗਜ਼ ਇਸਤੇਮਾਲ ਕਰਦੇ ਹੋ ਤਾਂ ਜੋ ਕੇਵਲ ਜਿੰਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਹ ਹੀ ਤੁਹਾਡੀ ਪ੍ਰੋਫ਼ਾਇਲ, ਪੋਸਟ ਅਤੇ ਫੋਟੋਆਂ ਦੇਖ ਸਕਣ
- ਜਦੋਂ ਕਿਸੇ ਜਸ਼ਨ/ਪਾਰਟੀ ਤੇ ਜਾਂਦੇ ਹੋ ਤਾਂ ਉਥੇ ਪਹੁੰਚ ਕੇ ਗਹਿਣੇ ਪਾਉ ਅਤੇ ਉਥੇ ਤੋਂ ਚੱਲਣ ਤੋਂ ਪਹਿਲਾਂ ਫੇਰ ਗਹਿਣੇ ਉਤਾਰ ਲਵੋ । ਪਾਰਟੀ ਤੇ ਜਾਣ ਅਤੇ ਵਾਪਿਸ ਆਉਣ ਲਈ ਗਰੁੱਪ ਵਿੱਚ ਜਾਉ ਅਤੇ ਉਹਨਾਂ ਗਲੀਆਂ ਦੀ ਵਰਤੋਂ ਕਰੋ ਜਿਥੇ ਲਾਇਟ ਹੋਵੇ । ਜੇਕਰ ਤੁਸੀ ਟੈਕਸੀ ਦੀ ਵਰਤੋਂ ਕਰਦੇ ਹੋ ਤਾਂ ਉਹ ਲਾਇਸੰਸ ਵਾਲੀ ਅਤੇ ਚੰਗੀ ਕੰਪਨੀ ਦੀ ਹੋਣੀ ਚਾਹੀਦੀ ਹੈ ।
- ਆਪਣੇ ਗਹਿਣਿਆਂ ਤੇ ਸੁਰੱਖਿਆ ਲਈ ਕਿਸੇ ਪਦਾਰਥ ਦੀ ਨਿਸ਼ਾਨੀ ਲਗਾਉ ਜਿਵੇਂ ਕੀ ਸਮਾਰਟਵਾਟਰ® ਅਤੇ ਆਪਣੇ ਸਮਾਣ ਨੂੰ ਬਿਨਾਂ ਕਿਸੇ ਖਰਚ ਦੇ www.immobilise.com ਤੇ ਰਜਿਸਟਰ ਕਰੋ । ਅਜਿਹੇ ਪਦਾਰਥ ਜਿਨਾਂ ਨੂੰ ਲਗਾਉਣ ਨਾਲ ਜਰੂਰੀ ਸੂਚਨਾ ਬਾਰੇ ਸੁਰਾਗ ਮਿਲ ਜਾਂਦਾ ਹੈ ਬਾਰੇ ਹੋਰ ਜਾਣਕਾਰੀ ਲਈ ਵੇਖੋ www.securebydesign.com ਇਸ ਤੋਂ ਇਲਾਵਾ ਤੁਸੀ ਲੇਜ਼ਰ ਨਾਲ ਆਪਣਾ ਨਾਮ ਵੀ ਕੀਮਤੀ ਸਮਾਣ ਤੇ ਲਿਖਵਾ ਸਕਦੇ ਹੋ ।
- ਆਪਣੇ ਗਹਿਣਿਆਂ ਦੀ ਫੋਟੋ ਖਿੱਚੋ ਅਤੇ ਇਸ ਬਾਰੇ ਲਿਖਤ ਜਾਣਕਾਰੀ ਰੱਖੋ – ਅਜਿਹਾ ਕਰਨ ਨਾਲ ਜਦੋਂ ਕਦੇ ਸਮਾਣ ਬਾਰੇ ਜਾਣਕਾਰੀ ਲਈ ਅਪੀਲ ਕੀਤੀ ਜਾਂਦੀ ਹੈ ਤਾਂ ਜੇਕਰ ਤੁਹਾਡੇ ਗਹਿਣੇ ਚੋਰੀ ਜਾਂ ਗੁੰਮ ਹੋ ਜਾਂਦੇ ਹਨ, ਤੁਹਾਡੇ ਗਹਿਣੇ ਤੁਹਾਨੂੰ ਵਾਪਿਸ ਕੀਤੇ ਜਾ ਸਕਦੇ ਹਨ ।
- ਅਪਰਾਧੀਆਂ ਨੂੰ ਧੋਖੇ ਨਾਲ ਅੰਦਰ ਦਾਖਿਲ ਨਾ ਹੋਣ ਦੇਵੋ। ਹਮੇਸ਼ਾ ਚੈੱਕ ਕਰੋ ਕੀ ਤੁਸੀ ਕਿਸ ਨੂੰ ਦਰਵਾਜ਼ਾ ਖੋਲ ਰਹੇ ਹੋ, ਜੇਕਰ ਤੁਹਾਨੂੰ ਸ਼ੱਕ ਪੈਂਦਾ ਹੈ ਤਾਂ ਦਰਵਾਜ਼ਾ ਨਾ ਖੋਲੋ

**ਆਪਣਾ ਸੋਨਾ ਤੁਸੀ ਕਿਸ ਤਰੀਕੇ ਨਾਲ ਸੁਰੱਖਿਅਤ ਰੱਖ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ www.northants.police.uk/gold**

**ਜੇਕਰ ਆਪਣੇ ਇਲਾਕੇ ਵਿੱਚ ਤੁਸੀ ਕਿਸੇ ਨੂੰ ਕੁੱਛ ਅਜਿਹਾ ਕਰਦੇ ਵੇਖਿਆ ਹੈ, ਜਿਸ ਨਾਲ ਤੁਹਾਨੂੰ ਉਸ ਦੇ ਵਿਹਾਰ ਤੇ ਸ਼ੱਕ ਹੁੰਦਾ ਹੈ ਤਾਂ 101 ਨੰਬਰ ਤੇ ਫੋਨ ਕਰੋ। ਏਮਰਜੰਸੀ ਹੋਵੇ ਤਾਂ 999 ਤੇ ਕਾਲ ਕਰੋ ।**

**ਜੇਕਰ ਤੁਹਾਡੇ ਕੋਲ ਕਿਸੇ ਅਪਰਾਧ ਜਾਂ ਅਪਰਾਧੀਆਂ ਬਾਰੇ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ 101 ਨੰਬਰ ਤੇ ਫੋਨ ਕਰੋ ਜਾਂ ਫੇਰ ਗੁਪਤ ਰਹਿ ਕੇ ਕ੍ਰਾਇਮਸਟੋਪਰਜ਼ ਨੂੰ 0800 555 111 ਨੰਬਰ ਤੇ ਫੋਨ ਕਰੋ ।**

**ਅਪਰਾਧ ਨੂੰ ਰੋਕਣ ਲਈ ਹੋਰ ਵਧੇਰੇ ਜਾਣਕਾਰੀ ਲਈ ਵੇਖੋ www.northants.police.uk/crime-prevention**

**ਗੁਪਤ ਸੱਪੋਰਟ ਸੇਵਾਵਾਂ ਲਈ ਵੇਖੋ www.voicenorthants.org**